Roll No. | | | | | | | |

**Series SHC** **Code No. 227/1**

- Please check that this question paper contains 6 printed pages + 2 Maps.
- Code number given on the right hand side of the question paper should be written on the title page of the answer-book by the candidate.
- Please check that this question paper contains 19 questions.
- Please write down the serial number of the question before attempting it.

# GEOGRAPHY (Theory)

**(Punjabi Version)**

# ਭੂਗੋਲ (ਥਿਯੋਰੀ)

(ਪੰਜਾਬੀ ਉਲਥਾ)

*Time allowed : 3 hours* *Maximum Marks : 70*

*ਸਮਾਂ ਸੀਮਾਂ : 3 ਘੰਟੇ* *ਪੂਰਣ ਅੰਕ : 70*

***ਵਿਆਪਕ ਨਿਰਦੇਸ਼ :***

*(i)* *ਸਾਮਾਨਯ ਪ੍ਰਸ਼ਨਾਂ ਦੀ ਕੁਲ ਸੰਖਿਆ 19 ਹੈ ।*

*(ii)* *ਸਾਰੇ ਪ੍ਰਸ਼ਨ ਜ਼ਰੂਰੀ ਹਨ ।*

*(iii)* *ਹਰ ਇਕ ਪ੍ਰਸ਼ਨ ਦੇ ਸਾਹਮਣੇ ਉਸਦੇ ਅੰਕ ਦਿੱਤੇ ਹਨ ।*

*(iv)* *ਪ੍ਰਸ਼ਨ ਨੰਬਰ 1 ਤੋਂ 10 ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਹਰ ਇਕ ਪ੍ਰਸ਼ਨ ਦੇ 3 ਅੰਕ ਹਨ । ਅਜਿਹੇ ਹਰ ਇਕ ਪ੍ਰਸ਼ਨ ਦਾ ਉੱਤਰ 80 ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

(v) *ਪ੍ਰਸ਼ਨ ਨੰਬਰ 11 ਤੋਂ 15 ਤਕ ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਹਰ ਇਕ ਪ੍ਰਸ਼ਨ ਦੇ 4 ਅੰਕ ਹਨ । ਅਜਿਹੇ ਹਰ ਇਕ ਪ੍ਰਸ਼ਨ ਦਾ ਉੱਤਰ 120 ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

(vi) *ਪ੍ਰਸ਼ਨ ਨੰਬਰ 16, 17 ਅਤੇ 18 ਲੰਬੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਹਰ ਇਕ ਪ੍ਰਸ਼ਨ ਦੇ 5 ਅੰਕ ਹਨ । ਅਜਿਹੇ ਹਰ ਇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੋਂ ਵਧ ਨਹੀਂ ਹੋਣ ਚਾਹੀਦਾ ।*

(vii) *ਪ੍ਰਸ਼ਨ ਨੰ. 19 ਵਿੱਚ ਬਹੁਤ ਛੋਟੇ ਉੱਤਰ ਦੀਆਂ ਪ੍ਰੀਖਣ-ਮੱਦਾਂ ਸ਼ਾਮਲ ਹਨ । ਇਸਦੇ 5 ਅੰਕ ਹਨ ।*

(viii) ***ਸੰਸਾਰ** ਅਤੇ **ਭਾਰਤ** ਦੇ ਦਿੱਤੇ ਗਏ ਰੇਖਾ-ਮਾਨਚਿਤ੍ਰਾਂ ਨੂੰ ਆਪਣੀ ਉੱਤਰ-ਪੁਸਤਿਕਾ ਵਿੱਚ ਨਥੀ ਕਰੋ ।*

(ix) *ਰੇਖਾ-ਮਾਨਚਿਤ੍ਰ ਬਨਾਣ ਲਈ **ਸਾਂਚਿਆਂ** ਤੇ **ਸਟੈਂਸਲਾਂ** ਦੀ ਆਗਿਆ ਦਿੱਤੀ ਜਾਂਦੀ ਹੈ ।*

**1.** ਫਿੰਚ ਅਤੇ ਟ੍ਰੀਵਾਰਥਾ ਦੇ ਅਨੁਸਾਰ ਮਾਨਵ ਭੂਗੋਲ ਦੇ ਵਿਸ਼ੇ ਵਸਤੂ ਨੂੰ ਦੋ ਵਰਗਾਂ ਵਿੱਚ ਵੰਡੋ । ਹਰ ਇਕ ਵਰਗ ਦੀਆਂ ਦੋ ਦੋ ਮੁੱਖ ਵਿਸ਼ੇਸ਼ਤਾਈਆ ਲਿਖੋ । 1+2=3

**2.** 'ਚਰਵਾਹੀ ਜੀਵਨ' ਦੀ ਪਰਿਭਾਸ਼ਾ ਕਰੋ । ਇਸ ਦੀਆ ਚਾਰ ਵਿਸ਼ੇਸ਼ਤਾਈਆਂ ਲਿਖੋ । 1+2=3

**3.** ਵਾਯੂ ਪਰਿਵਹਨ ਦੀਆਂ ਕਿਨ੍ਹੀਂ ਤਿੰਨ ਵਿਸ਼ੇਸ਼ਤਾਈਆਂ ਦਾ ਉਲੇਖ ਕਰੋ । ਸੰਸਾਰ ਦੇ ਤਿੰਨ ਮੁਖ ਪ੍ਰਦੇਸ਼ ਕਿਹੜੇ ਹਨ, ਜਿਥੇ ਵਾਯੂਮਾਰਗਾਂ ਦਾ ਅਤਿ ਸਘਨ ਜਾਲ ਹੈ ? $1\frac{1}{2}+1\frac{1}{2}=3$

**4.** ਭਾਰਤ ਵਿੱਚ ਸੰਸਾਧਨ ਵਿਕਾਸ ਲਈ ਜ਼ਰੂਰੀ ਸਿਧਾਂਤੀ ਨਿਯੋਜਨ ਦੇ ਤਿੰਨ ਘਟਕਾਂ ਦਾ ਵਰਣਨ ਕਰੋ । $3\times1=3$

**5.** 1960 – 61 ਅਤੇ 2000 – 01 ਦੇ ਸਮੇਂ ਵਿੱਚ ਭਾਰਤ ਦੇ ਨਿਰਯਾਤ ਵਪਾਰ ਦੀਆਂ ਕਿਨ੍ਹਾਂ ਤਿੰਨ ਵਿਸ਼ੇਸ਼ਤਾਈਆਂ ਦਾ ਵਰਣਨ ਕਰੋ । $3\times1=3$

**6.** ਸੰਸਾਰ ਵਿੱਚ ਅੰਤਰ ਰਾਸ਼ਟ੍ਰੀ ਵਪਾਰ ਦੇ ਪਰਿਰੂਪ ਨੂੰ ਨਿਰਧਾਰਿਤ ਕਰਨ ਵਾਲੇ ਤਿੰਨ ਅੰਗਾਂ ਦੀ ਵਿਆਖਿਆ ਕਰੋ । $3\times1=3$

**7.** 'ਹੁਗਲੀ ਉਦਯੋਗਿਕ ਪ੍ਰਦੇਸ਼' ਦੇ ਉਦਯੋਗਿਕ ਵਿਕਾਸ ਵਿੱਚ ਯੋਗਦਾਨ ਦੇਣ ਵਾਲੇ ਕਿਨ੍ਹੀਂ ਤਿੰਨ ਕਾਰਕਾਂ ਨੂੰ ਸਪਸ਼ਟ ਕਰੋ । $3\times1=3$

**8.** ਹੇਠ ਦਿੱਤੇ ਗਏ ਆਰੇਖ ਦਾ ਅਧਿਐਨ ਕਰੋ ਅਤੇ ਉਸਦੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :




(8.1) ਦਿੱਤੇ ਗਏ ਆਰੇਖ ਲਈ ਢੁਕਵਾਂ ਸਿਰਲੇਖ ਦਿਉ ।

(8.2) ਇਸ ਤਕਨੀਕ ਦੁਆਰਾ ਵਰਸ਼ਾ ਜਲ ਦਾ ਪੁਨਭਰਣ ਕਿਵੇਂ ਹੁੰਦਾ ਹੈ ? ਸਪਸ਼ਟ ਕਰੋ । 1+2=3

***ਨੋਟ :*** *ਹੇਠ ਲਿਖਿਆ ਪ੍ਰਸ਼ਨ ਕੇਵਲ* ***ਨੇਤ੍ਰਹੀਨ ਪ੍ਰੀਖਿਆਰਥੀਆਂ*** *ਲਈ ਪ੍ਰਸ਼ਨ ਨੰ. 8 ਦੀ ਥਾਂ ਤੇ ਹੈ ।*

ਵਰਸ਼ਾ ਜਲ ਸੰਗ੍ਰਹਣ ਕਿਸ ਨੂੰ ਕਹਿੰਦੇ ਹਨ ? ਵਰਸ਼ਾ ਜਲ ਸੰਗ੍ਰਹਣ ਦੇ ਕਿੰਨ੍ਹੀਂ ਚਾਰ ਉਦੇਸ਼ਾਂ ਦਾ ਉਲੇਖ ਕਰੋ । 1+2=3

**9.** ਹੇਠ ਦਿੱਤੀ ਗਈ ਸਾਰਣੀ ਦਾ ਅਧਿਐਨ ਕਰੋ ਅਤੇ ਉਸ ਦੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

**ਵਿਸ਼ਵ-ਸੱਤਰ ਤੇ ਭੂਉਪਯੋਗ ਪਰੀਵਰਤਨ (ਖੇਤਰਫਲ ਦਸ ਲਖ ਹੈਕਟੇਅਰ ਵਿਚ)**

| ਮੁਖ ਭੂਮੀ ਉਪਯੋਗ | *1700* | *1850* | *1920* | *1950* | *1980* | *2000* |
|---|---|---|---|---|---|---|
| ਜੰਗਲ | 6214 | 5965 | 5678 | 5389 | 5053 | 3454 |
| ਘਾਸ ਭੂਮੀ | 6860 | 6837 | 6748 | 6780 | 6788 | 3427 |
| ਫ਼ਸਲ ਖੇਤਰ | 265 | 537 | 913 | 1170 | 1501 | 1512 |

(9.1) 1700 ਅਤੇ 2000 ਦੇ ਸਮੇਂ ਵਿਚ ਕਿਸ ਭੂਮੀ ਉਪਯੋਗ ਵਰਗ ਦੇ ਅੰਦਰ ਭੂਮੀ ਖੇਤਰ ਸਭ ਤੋਂ ਵੱਧ ਘਟਿਆ ਹੈ ? ਇਹ ਖੇਤਰ ਕਿਤਨਾ ਘਟਿਆ ਹੈ ?

(9.2) ਕਿਹੜਾ ਭੂ-ਉਪਯੋਗ ਵਰਗ ਸਾਰੇ ਸਾਲਾਂ ਵਿੱਚ ਲਗਾਤਾਰ ਵਧ ਰਹੀ ਪਵਰਿਤੀ ਦਰਸਾਂਦਾ ਹੈ ? 1700 ਅਤੇ 2000 ਦੇ ਸਮੇਂ ਵਿੱਚ ਇਸ ਵਰਗ ਵਿੱਚ ਕੁਲ ਖੇਤਰ ਕਿਤਨਾ ਵਧਿਆ ਹੈ ?

(9.3) ਫ਼ਸਲ-ਖੇਤਰ ਵਿੱਚ ਖੇਤਰਫ਼ਲ ਵਿੱਚ ਵਧੀ ਹੋਈ ਪ੍ਰਵਿਰਤੀ ਦਾ ਇਕ ਕਾਰਨ ਦਿਉ । 1+1+1=3

**ਨੋਟ :** *ਹੇਠ ਲਿਖਿਆ ਪ੍ਰਸ਼ਨ ਕੇਵਲ **ਨੇਤ੍ਰਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਨੰ. 9 ਦੀ ਥਾਂ ਤੇ ਹੈ ।*

ਚਾਵਲ ਨੂੰ ਸ੍ਰਮ ਪਰਧਾਨ ਫ਼ਸਲ ਕਿਉ ਕਿਹਾ ਜਾਂਦਾ ਹੈ ? ਤਿੰਨ ਕਾਰਨ ਦਿਉ । 3×1=3

**10.** ਹੇਠ ਦਿਤੇ ਗਏ ਆਰੇਖ ਦਾ ਅਧਿਐਨ ਕਰੋ ਅਤੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਦਿਉ :

**ਭਾਰਤ : ਬਿਜਲੀ ਦਾ ਉਪਭੋਗ (ਪ੍ਰਤਿਸ਼ਤ ਵਿਚ)**




(10.1) ਭਾਰਤ ਵਿੱਚ ਕਿਹੜਾ ਖੇਤਰ ਬਿਜਲੀ ਦਾ ਸਭ ਤੋਂ ਵੱਡਾ ਉਪਭੋਗਤਾ ਹੈ ? ਇਸਦੇ ਉਪਭੋਗ ਨੂੰ ਪ੍ਰਤਿਸ਼ਤ ਵਿੱਚ ਲਿਖੋ ।

(10.2) ਹੋਰ ਦੋ ਪ੍ਰਮੁਖ ਬਿਜਲੀ ਉਪਭੋਗਤਾਵਾਂ ਦੇ ਨਾਮ ਦਸੋ । ਹਰ ਇਕ ਦਾ ਉਪਭੋਗ ਪ੍ਰਤਿਸ਼ਤ ਵਿਚ ਲਿਖੋ । 1+2=3

**ਨੋਟ :** *ਹੇਠ ਲਿਖਿਆ ਪ੍ਰਸ਼ਨ ਕੇਵਲ **ਨੇਤ੍ਰਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਨੰ. 10 ਦੀ ਥਾਂ ਤੇ ਹੈ ।*

ਭਾਰਤ ਵਿੱਚ ਊਰਜਾ ਸ੍ਰੋਤਾਂ ਦਾ ਮਹਤੱਵ ਕਿਨ੍ਹੀਂ ਤਿੰਨ ਬਿੰਦੂਆ ਵਿੱਚ ਦਸੋ । 3×1=3

**11.** ਭਾਰਤ ਵਿੱਚ ਵਾਯੂਮੰਡਲ ਤੇ ਵਾਯੂ ਪ੍ਰਦੂਸ਼ਣ ਦੇ ਕਿਨ੍ਹੀਂ ਅਠ ਪ੍ਰਭਾਵਾਂ ਦਾ ਉਲੇਖ ਕਰੋ । $8\times\frac{1}{2}=4$

**12.** ਸੰਸਾਰ ਵਿੱਚ ਖਨਨ ਕ੍ਰਿਆਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਿਨ੍ਹੀਂ ਦੋ ਭੌਤਿਕ ਅਤੇ ਦੋ ਆਰਥਿਕ ਕਾਰਕਾਂ ਨੂੰ ਸਪਸ਼ਟ ਕਰੋ । 2+2=4

**13.** ਭਾਰਤ ਵਿੱਚ ਪਾਈਆਂ ਜਾਣ ਵਾਲੀਆਂ ਚਾਰ ਪ੍ਰਕਾਰ ਦੀਆਂ ਗ੍ਰਾਮੀਣ ਬਸਤੀਆਂ ਦੀਆਂ ਦੋ ਦੋ ਪ੍ਰਮੁਖ ਵਿਸ਼ੇਸ਼ਤਾਈਆਂ ਨੂੰ ਸਪਸ਼ਟ ਕਰੋ । 4×1=4

**14.** ਭਾਰਤ ਵਿੱਚ ਰੇਲ ਜਾਲ ਵਿਤਰਣ ਪ੍ਰਤਿਰੂਪ ਨੂੰ ਪ੍ਰਭਾਵਿਤ ਕਰਨ ਵਾਲੇ ਕਿਨ੍ਹੀਂ ਚਾਰ ਕਾਰਕਾਂ ਨੂੰ ਸਪਸ਼ਟ ਕਰੋ । 4×1=4

**15.** ਹੇਠ ਦਿਤੇ ਗਏ ਮਾਨਚਿਤ੍ਰ ਦਾ ਅਧਿਐਨ ਕਰੋ ਅਤੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :




(15.1) ਮਾਨਚਿਤ੍ਰ ਵਿੱਚ ਵਿਖਾਏ ਗਏ ਮਹੱਤਪੂਰਣ ਦੇਸ਼ ਦੇ ਅੰਦਰਲੇ ਜਲ-ਮਾਰਗ ਦਾ ਨਾਮ ਦਸੋ ।

(15.2) ਇਸ ਦੇਸ਼ ਦੇ ਅੰਦਰਲੇ ਜਲਮਾਰਗ ਦੇ ਅੰਤਲੇ ਪਤਨਾਂ ਦੇ ਨਾਮ ਦਸੋ ।

(15.3) ਜਿਸ ਦੇਸ਼ ਤੋਂ ਇਹ ਦੇਸ਼ ਅੰਦਰਲਾ ਜਲਮਾਰਗ ਗੁਜ਼ਰਦਾ ਹੈ ਉਸ ਦੇਸ਼ ਦਾ ਨਾਮ ਦਸੋ ।

(15.4) ਇਸ ਦੇਸ਼ ਦੇ ਅੰਦਰਲੇ ਜਲਮਾਰਗ ਦੀ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ । 1+1+1+1=4

***ਨੋਟ :*** *ਹੇਠ ਲਿਖਿਆਂ ਕੇਵਲ **ਨੇਤ੍ਰਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਨੰ. 15 ਦੀ ਥਾਂ ਤੇ ਹੈ ।*

ਸਵੇਜ਼ ਨਹਰ ਦੀਆਂ ਕਿਨ੍ਹੀਂ ਚਾਰ ਮੁਖ ਵਿਸ਼ੇਸ਼ਤਾਈਆਂ ਨੂੰ ਸਪਸ਼ਟ ਕਰੋ । 4×1=4

**16.** 'ਜਨਸੰਖਿਆ ਵਰਿਧੀ' ਸ਼ਬਦ ਦੀ ਪਰਿਭਾਸ਼ਾ ਦਿਉ । ਸੰਸਾਰ ਵਿੱਚ ਜਨਸੰਖਿਆ ਪਰੀਵਰਤਨ ਕਰਨ ਵਾਲੇ ਕਿਨ੍ਹੀਂ ਦੋ ਘਟਕਾਂ ਦਾ ਵਰਣਨ ਕਰੋ । 1+2+2=5

17. "ਅਤਿਅਧਿਕ ਨਗਰੀਕਰਣ ਨੇ ਵਿਕਾਸਸ਼ੀਲ ਦੇਸ਼ਾਂ ਵਿੱਚ ਝੁਗੀ ਝੋਪੜੀਆਂ ਅਤੇ ਮਲਿਨ ਬਸਤੀਆਂ ਨੂੰ ਜਨਮ ਦਿੱਤਾ ਹੈ ਜਿਸਨੇ ਸੰਸਾਰ ਭਰ ਵਿੱਚ ਉਸ ਥਾਂ ਦੇ ਨਗਰੀ ਜੀਵਨ ਨੂੰ ਦੁਖਦ ਬਣਾ ਦਿੱਤਾ ਹੈ ।" ਇਸ ਕਥਨ ਦੀ ਪੰਜ ਢੁਕਵੀਆਂ ਉਦਾਹਰਣਾਂ ਸਹਿਤ ਪੁਸ਼ਟੀ ਕਰੋ । 5×1=5

18. 'ਜਨਸੰਖਿਆ ਘਨਤੱਵ' ਸ਼ਬਦ ਦੀ ਪਰਿਭਾਸ਼ਾ ਦਿਉ । ਭਾਰਤ ਵਿੱਚ ਜਨਸੰਖਿਆ ਵਿਤਰਣ ਨੂੰ ਪ੍ਰਭਾਵਿਤ ਕਰਨ ਵਾਲੇ ਕਿਨ੍ਹੀਂ ਚਾਰ ਭੌਤਿਕ ਕਾਰਕਾਂ ਨੂੰ ਢੁਕਵੀਆਂ ਉਦਾਹਰਣਾਂ ਦੁਆਰਾ ਸਪਸ਼ਟ ਕਰੋ । 1+4=5

19. (19.1) ਦਿੱਤੇ ਗਏ **ਸੰਸਾਰ** ਦੇ ਰਾਜਨੀਤਿਕ ਰੇਖਾ-ਮਾਨਚਿਤ੍ਰ (ਪੰਨਾ 7) ਵਿੱਚ ਚਾਰ ਲਛਣ A, B, C ਅਤੇ D ਵਿਖਾਏ ਗਏ ਹਨ । ਮਾਨਚਿਤ੍ਰ ਦੀ ਕੁੰਜੀ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਪਹਿਚਾਣੋ ਅਤੇ ਮਾਨਚਿਤ੍ਰ ਵਿੱਚ ਦਿੱਤੀਆਂ ਗਈਆਂ ਖੰਡਿਤ ਰੇਖਾਵਾਂ ਤੇ ਉਨ੍ਹਾਂ ਲਛਣਾਂ ਦੇ ਠੀਕ ਨਾਮ ਲਿਖੋ । $4\times\frac{1}{2}=2$

(19.2) ਤੁਹਾਨੂੰ ਦਿੱਤੇ ਗਏ **ਭਾਰਤ** ਦੇ ਰਾਜਨੀਤਿਕ ਰੇਖਾ-ਮਾਨਚਿਤ੍ਰ (ਪੰਨਾ 8) ਵਿੱਚ ਹੇਠ ਲਿਖਿਆਂ ਦੀ ਸਥਿਤੀ ਢੁਕਵੇਂ ਚਿਨ੍ਹਾਂ ਦੁਆਰਾ ਵਿਖਾਉ ਅਤੇ ਨਾਮ ਲਿਖੋ : 3×1=3

(i) ਸਭ ਤੋਂ ਵਧ ਸਅੱਖਰਤਾ ਦਰ ਵਾਲਾ ਰਾਜ ।

(ii) ਰਾਜਸਥਾਨ ਵਿੱਚ ਤਾਂਬੇ ਦਾ ਮਹਤਪੂਰਣ ਖਨਨ ਕੇਂਦ੍ਰ ।

(iii) ਆਂਧ੍ਰ ਪ੍ਰਦੇਸ਼ ਵਿੱਚ ਸਾਰਵਜਨਕ ਖੇਤਰ ਵਿੱਚ ਸਥਾਪਿਤ ਕੀਤਾ ਗਿਆ ਸਟੀਲ ਸੰਯੰਤ੍ਰ ।

**ਨੋਟ :** *ਹੇਠ ਲਿਖਿਆਂ ਕੇਵਲ **ਨੇਤ੍ਰਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਨੰ. 19 ਦੀ ਥਾਂ ਤੇ ਹੈ ।*

(19.1) ਯੂਰਪ ਦੇ ਸਭ ਤੋਂ ਵਧ ਜਨਸੰਖਿਆ ਵਾਲੇ ਦੇਸ਼ ਦਾ ਨਾਮ ਦਸੋ ।

(19.2) ਦਖਣੀ ਅਮਰੀਕਾ ਵਿੱਚ ਗੰਨੇ ਦਾ ਸਭ ਤੋਂ ਵਡਾ ਉਤਪਾਦਕ ਦੇਸ਼ ਕਿਹੜਾ ਹੈ ?

(19.3) ਭਾਰਤ ਵਿੱਚ ਸਭ ਤੋਂ ਵਧ ਸਅਖਰਤਾ ਦਰ ਵਾਲੇ ਰਾਜ ਦਾ ਨਾਮ ਦਸੋ ।

(19.4) ਰਾਜਸਥਾਨ ਵਿੱਚ ਤਾਂਬੇ ਦੇ ਸਭ ਤੋਂ ਮਹੱਤਪੂਰਣ ਖਨਨ ਕੇਂਦ੍ਰ ਦਾ ਨਾਮ ਦਸੋ ।

(19.5) ਆਂਧ੍ਰ ਪ੍ਰਦੇਸ਼ ਵਿੱਚ ਸਾਰਵਜਨਕ ਖੇਤਰ ਵਿੱਚ ਸਥਾਪਿਤ ਸਟੀਲ ਸੰਯੰਤ੍ਰ ਦਾ ਨਾਮ ਦਸੋ । 5×1=5

# THE WORLD POLITICAL

## ਸੰਸਾਰ – ਰਾਜਨੀਤਿਕ




ਭਾਰਤ – ਰਾਜਨੀਤਿਕ